National Health Mission
Ministry of Health & Family Welfare
Jalandhar, Punjab

Civil Surgeon, Jalandhar
E-mail-: nrhmjld@gmail.com

ਸਿਵਲ ਸਰਜਨ, ਜਲੰਧਰ
Tele Fax-: 0181-2224848, 2227982

ਨੰ:ਈ.ਪੀ.ਆਈ/2023/ 5000-01

ਮਿਤੀ :- 23-02-23

ਵੱਲੋ

ਸਿਵਲ ਸਰਜਨ,
ਜਲੰਧਰ।

ਵੱਲ

ਜਿਲਾ ਸਿੱਖਿਆ ਅਫਸਰ (ਪ੍ਰਾਇਮਰੀ),
ਜਿਲਾ ਸਿੱਖਿਆ ਅਫਸਰ (ਸੈਕੰਡਰੀ),
ਜਲੰਧਰ।

ਵਿਸ਼ਾ:- **AFP & Vaccine Preventable Disease (VPD)Surveillance & Case Based Measles Rubella (MR) Surveillance** (Fever With Rash) ਦੇ ਕੇਸਾਂ ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਆਪ ਨੂੰ ਲਿਖਿਆ ਜਾਂਦਾ ਹੈ ਕਿ ਪਿਛਲੇ ਕੁੱਝ ਦਿਨਾਂ ਵਿੱਚ ਜਿਲ੍ਹਾ ਜਲੰਧਰ ਵਿੱਚ **Fever with Rash** ਦੇ ਕੇਸ ਰਿਪੋਰਟ ਹੋਏ ਹਨ। ਇਸ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਆਪ ਵਲੋ ਹਦਾਇਤ ਕੀਤੀ ਜਾਵੇ ਕਿ ਜੇਕਰ ਕਿਸੇ ਵੀ ਸਕੂਲ ਵਿੱਚ ਕੋਈ ਬੱਚਾ ਬੁਖਾਰ ਅਤੇ ਲਾਲ ਧੱਬੇ/ ਦਾਣੇ (Fever With Rash) ਲੱਛਣਾਂ ਨਾਲ ਪਾਇਆ ਜਾਂਦਾ ਹੈ ਜਾ ਇਸ ਤਰ੍ਹਾਂ ਦੀ ਤਕਲੀਫ ਨਾਲ ਬੱਚਾ ਕਾਫੀ ਸਮੇ ਤੋ ਸਕੂਲ ਨਹੀ ਆ ਰਿਹਾ, ਤਾਂ ਇਸ ਸਬੰਧੀ ਤੁਰੰਤ ਜਾਣਕਾਰੀ ਦਫਤਰ ਸਿਵਲ ਸਰਜਨ, ਜਲੰਧਰ ਵਿਖੇ (ਡਾ. ਸ਼ੋਬਨਾ ਜਿਲ੍ਹਾ ਐਪੀਡੋਮੋਲੋਜਿਸਟ, ਆਈ.ਡੀ.ਐਸ.ਪੀ. ਫੋਨ ਨੰ:- 8198831888) ਭੇਜਣੀ ਯਕੀਨੀ ਬਣਾਈ ਜਾਵੇ, ਤਾਂ ਜੋ ਇਸ ਬਿਮਾਰੀ ਨੂੰ ਫੈਲਣ ਤੋ ਰੋਕਣ ਲਈ ਯੋਗ ਉਪਰਾਲੇ ਕੀਤੇ ਜਾ ਸਕਣ। ਇਸ ਦੇ ਨਾਲ ਆਪ ਵਲੋ ਸਕੂਲਾਂ ਨੂੰ ਹਦਾਇਤ ਕੀਤੀ ਜਾਵੇ, ਕਿ ਸਕੂਲਾਂ ਵਿੱਚ ਜਦੋਂ ਵੀ ਸਿਹਤ ਵਿਭਾਗ ਦੀਆਂ ਸਰਵੇ ਟੀਮਾਂ ਕੇਸਾਂ ਸਬੰਧੀ ਸਰਵੇ ਕਰਨ ਆਉਂਦੀਆਂ ਹਨ, ਤਾਂ ਉਨ੍ਹਾਂ ਦਾ ਪੂਰਾ ਸਹਿਯੋਗ ਕੀਤਾ ਜਾਵੇ।

ਦਫਤਰ ਜਿਲ੍ਹਾ ਸਿੱਖਿਆ ਅਫਸਰ, ਜਲੰਧਰ
ਪਿਠ ਅੰਕਣ ਨੰ. ਸੀ/1/2023/ 5047-
ਮਿਤੀ ਜਲੰਧਰ 24.2.2023

ਸਿਵਲ ਸਰਜਨ, ਜਲੰਧਰ।
23/02/23

ਜਿਲਾ ਸਿੱਖਿਆ ਅਫਸਰ (ਸ.ਸ)
ਜਲੰਧਰ